# ਆਊਟਰੀਚ ਪ੍ਰੋਗਰਾਮ, ਅਲਬਰਟਾ ਵਾਸੀਆਂ ਨੂੰ COVID- ਨਾਲ ਸੰਬੰਧਿਤ ਸਰੋਤਾਂ ਨਾਲ ਜੁੜਨ ਵਿੱਚ ਸਹਾਇਤਾ ਕਰੇਗਾ

15 ਦਿਸੰਬਰ, 2020 ਮੀਡੀਆ ਪੁੱਛਗਿੱਛ

ਅਲਬਰਟਾ ਦੀ ਸਰਕਾਰ ਨਵੇਂ ਆਉਟਰੀਚ ਪ੍ਰੋਗਰਾਮ ਲੈ ਕੇ ਅੱਗੇ ਵਧ ਰਹੀ ਹੈ ਅਤੇ ਖਾਸ ਤੌਰ 'ਤੇ ਉਹਨਾਂ ਭਾਈਚਾਰਿਆਂ ਲਈ ਮਦਦਗਾਰ ਹੈ ਜਿਹਨਾਂ ਵਿਚ ਕੋਵਿਡ-19 ਦੀ ਬਿਮਾਰੀ ਤੇ ਇਸਦੀ ਲਾਗ ਦਰ ਜ਼ਿਆਦਾ ਹੈ। ਅਲਬਰਟਾ ਸਿਹਤ ਵਿਭਾਗ ਨੇ ਐਡਮਿੰਟਨ ਅਤੇ ਕੈਲਗਰੀ ਵਿਚ ਅਜਿਹੇ 11 ਭਾਈਚਾਰਿਆਂ ਦੀ ਪਛਾਣ ਕੀਤੀ ਹੈ।

15 ਦਸੰਬਰ ਤੋਂ ਸ਼ੁਰੂ ਹੋ ਕੇ, ਇਨ੍ਹਾਂ ਭਾਈਚਾਰਿਆਂ ਦੇ ਵਸਨੀਕਾਂ ਲਈ ਬਹੁਤ ਸਾਰੇ ਨਵੇਂ ਪ੍ਰੋਗਰਾਮ ਅਤੇ ਸਹਾਇਤਾ ਉਪਲਬਧ ਹੋਣਗੇ। ਉਹਨਾਂ ਵਿੱਚ ਸ਼ਾਮਲ ਹਨ:

- ਸਵੈ-ਇਕਾਂਤਵਾਸ ਲਈ ਹੋਟਲ ਅਤੇ ਵਿੱਤੀ ਸਹਾਇਤਾ
  - ਇਨ੍ਹਾਂ ਖੇਤਰਾਂ ਦੇ ਵਿਅਕਤੀਆਂ ਦਾ, ਜੇ COVID-19 ਟੈਸਟ ਸਕਾਰਾਤਮਕ ਹੋਵੇ, ਤਾਂ ਉਹ ਸਭਿਆਚਾਰਕ ਤੌਰ ਤੇ ਢੁਕਵੇਂ ਸੰਪੂਰਨ ਭੋਜਨ ਸਹਿਤ, 14 ਦਿਨਾਂ ਲਈ ਇੱਕ ਹੋਟਲ ਵਿਚ ਮੁਫਤ ਕਮਰੇ ਵਿੱਚ ਰਹਿਣ ਦੇ ਯੋਗ ਹੋਣਗੇ।
  - ਇਹ ਵਿਅਕਤੀ ਜਦੋਂ ਇਕਾਂਤਵਾਸ ਪੂਰਾ ਕਰ ਲੈਣ ਉਪਰੰਤ, 625 ਡਾਲਰ ਦੀ ਅਸਥਾਈ ਵਿੱਤੀ ਸਹਾਇਤਾ ਲਈ ਵੀ ਯੋਗ ਹੋਣਗੇ।
- ਕੋਵਿਡ ਸਾਂਭ-ਸੰਭਾਲ ਟੀਮਾਂ
  - ਇਹ ਭਾਈਚਾਰੇ ਦੀ ਅਗਵਾਈ ਵਾਲੀਆਂ ਆਊਟ-ਰੀਚ ਟੀਮਾਂ ਵਾਇਰਸ ਦੇ ਫੈਲਾਅ ਨੂੰ ਸੀਮਤ ਕਰਨ ਲਈ ਜ਼ਮੀਨੀ ਪੱਧਰ ਤੇ ਸਹਾਇਤਾ ਅਤੇ ਦਖਲ ਪ੍ਰਦਾਨ ਕਰਨਗੀਆਂ।
  - ਇਨ੍ਹਾਂ ਖੇਤਰਾਂ ਵਿੱਚ ਮਾਸਕ, ਸੈਨੀਟਾਈਜ਼ਰ ਅਤੇ ਕਈ ਭਾਸ਼ਾਵਾਂ ਵਿੱਚ ਜਾਣਕਾਰੀ ਵਾਲੇ ਕੇਅਰ ਪੈਕੇਜ ਪਹੁੰਚਾਏ ਜਾਣਗੇ।
  - COVID-19 ਮੁਲਾਂਕਣ ਅਤੇ ਪਰੀਖਣ ਦੀਆਂ ਸਹੂਲਤਾਂ ਤੇ ਪਹੁੰਚਣ ਲਈ ਸੁਰੱਖਿਅਤ ਆਵਾਜਾਈ ਉਪਲਬਧ ਹੋਵੇਗੀ.
  - ਆਊਟਰੀਚ ਦੀ ਅਗਵਾਈ ਤੇ ਇਸਦੀ ਸਹਿਯੋਗਤਾ, ਭਾਈਚਾਰੇ ਦੇ ਲੀਡਰਾਂ ਅਤੇ ਸਥਾਨਕ ਵਿਸ਼ਵਾਸ ਅਤੇ ਵੱਸੋਂ ਵਾਲੇ ਸੰਗਠਨਾਂ ਦੁਆਰਾ ਪ੍ਰਦਾਨ ਕੀਤਾ ਜਾਵੇਗਾ। ਜੇ ਜਰੂਰੀ ਹੋਵੇ, ਤਾਂ ਅਨੁਵਾਦਕ ਵੀ ਸਹਾਇਤਾ ਪ੍ਰਦਾਨ ਕਰਨਗੇ।
- ਜਨਤਕ ਜਾਗਰੂਕਤਾ ਮੁਹਿੰਮ
  - ਅਲਬਰਟਾ ਸਰਕਾਰ ਨੇ ਮਹੱਤਵਪੂਰਣ ਜਨਤਕ ਸਿਹਤ ਦੀ ਜਾਣਕਾਰੀ ਨੂੰ ਸਿੱਧੇ ਤੌਰ 'ਤੇ ਸੰਚਾਰਿਤ ਕਰਨ ਲਈ ਇਕ ਆਊਟਰੀਚ ਮੁਹਿੰਮ ਵਿਕਸਤ ਕੀਤੀ ਹੈ। ਜਿਹੜੇ ਅਲਬਰਟਾ ਵਾਸੀਆਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਰੁਕਾਵਟਾਂ ਹਨ, ਉਹਨਾਂ ਲਈ ਅਨੁਵਾਦ ਕੀਤੀ ਸਮੱਗਰੀ ਤਕ ਵਿਸਥਾਰਿਤ ਪੁਹੁੰਚ ਅਤੇ ਹੋਰ ਸਹਾਇਤਾ ਕਰਕੇ ਮੁਸ਼ਕਿਲਾਂ ਦੂਰ ਹੋ ਸਕਦੀਆਂ ਹਨ।
  - ਰੇਡੀਓ, ਟੈਲੀਵਿਜ਼ਨ ਅਤੇ ਛਾਪੇ ਹੋਏ ਇਸ਼ਤਿਹਾਰਾਂ ਦੇ ਨਾਲ ਨਾਲ ਵੱਖ ਵੱਖ ਸੋਸ਼ਲ ਮੀਡੀਆ ਚੈਨਲਾਂ ਅਤੇ ਵੈਬ ਪਲੇਟਫਾਰਮਾਂ ਰਾਹੀਂ 10 ਭਾਸ਼ਾਵਾਂ ਵਿੱਚ ਸੰਦੇਸ਼ ਪ੍ਰਸਾਰਿਤ ਕੀਤੇ ਜਾਣਗੇ।

**ਮਲਟੀਮੀਡੀਆ**

ਨਿਊਜ਼ ਕਾਨਫਰੰਸ ਵੇਖੋ

ਨਿਊਜ਼ ਕਾਨਫਰੰਸ ਦੀਆਂ ਫੋਟੋਆਂ ਵੇਖੋ (ਘਟਨਾ ਤੋਂ ਬਾਅਦ ਸ਼ਾਮਲ ਕੀਤੀਆਂ ਜਾਣਗੀਆਂ)

COVID ਦੇਖਭਾਲ ਪੈਕੇਜਾਂ ਦੀ ਬੀ-ਰੋਲ ਫੁਟੇਜ

**ਮੀਡੀਆ ਪੁੱਛਗਿੱਛ**

ਕ੍ਰਿਸਟੀਨ ਮਿਯਾਤ
780-446-2179
ਡਿਪਟੀ ਡਾਇਰੈਕਟਰ ਸੰਚਾਰ / ਪ੍ਰੈਸ ਸਕੱਤਰ, ਪ੍ਰੀਮੀ

ਅਰ ਦੇ ਦਫਤਰ ਤੋਂ

"ਇਸ ਮਹਾਂਮਾਰੀ ਦਾ ਪੂਰੇ ਸੂਬੇ ਵਿਚ ਬਹੁਤ ਡੂੰਘਾ ਪ੍ਰਭਾਵ ਪਿਆ ਹੈ, ਜਿਸ ਵਿੱਚ ਸਾਡੇ ਸਾਰੇ ਭਾਈਚਾਰੇ ਅਤੇ ਸਾਡੀ ਆਰਥਿਕਤਾ ਦੇ ਸਾਰੇ ਖੇਤਰ ਸ਼ਾਮਿਲ ਹਨ - ਪਰ ਕੁਝ ਲੋਕਾਂ ਲਈ, ਇਹ ਪ੍ਰਭਾਵ ਹੋਰ ਵੀ ਗੰਭੀਰ ਹੋਇਆ ਹੈ। ਅਲਬਰਟਾ ਦੀ ਸਰਕਾਰ ਉਹਨਾਂ ਪਰਿਵਾਰਾਂ ਦੀ ਸੁਰੱਖਿਆ ਲਈ ਵਾਧੂ ਸਹਾਇਤਾ ਪ੍ਰਦਾਨ ਕਰੇਗੀ, ਜਿਹਨਾਂ ਭਾਈਚਾਰਿਆਂ ਵਿੱਚ ਫੈਲਾਅ ਦੀ ਦਰ ਜਿਆਦਾ ਹੈ। ਸਾਨੂੰ ਉਨ੍ਹਾਂ ਲੋਕਾਂ ਨੂੰ ਮਿਲਣ ਦੀ ਜ਼ਰੂਰਤ ਹੈ ਜਿੱਥੇ ਵੀ ਉਹ ਹਨ ਅਤੇ ਉਹ ਸੁਰੱਖਿਅਤ ਰਹਿਣ, ਇਸ ਲਈ ਸਹਾਇਤਾ ਕਰਨ ਦੀ ਲੋੜ ਹੈ।"
*ਜੇਸਨ ਕੈਨੀ, ਪ੍ਰੀਮੀਅਰ*

"ਅਸੀਂ ਉਨ੍ਹਾਂ ਭਾਈਚਾਰਿਆਂ ਦੀ ਸਹਾਇਤਾ ਲਈ ਇਕ ਸਹਾਇਕ ਅਤੇ ਸਹਯੋਗੀ ਪਹੁੰਚ ਅਪਣਾਉਣਾ ਚਾਹੁੰਦੇ ਹਾਂ ਜੋ ਸਭ ਤੋਂ ਵੱਧ ਪ੍ਰਭਾਵ ਮਹਿਸੂਸ ਕਰ ਰਹੇ ਹਨ. ਹਮਦਰਦੀ ਦੇ ਯਤਨਾਂ ਸਦਕਾ ਅਸੀਂ ਰੁਕਾਵਟਾਂ ਨੂੰ ਪਾਰ ਕਰਾਂਗੇ ਅਤੇ ਆਪਣੇ ਗਵਾਂਢੀਆਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਾਂਗੇ ਜੋ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਲਈ ਲੋੜੀਂਦਾ ਹੈ. "
*ਟਰੇਸੀ ਐਲਾਰਡ, ਮਿਊਨਿਸਪਲ ਅਫੇਅਰਜ਼ ਦੇ ਮੰਤਰੀ*

"ਅਲਬਰਟਾ ਦੇ ਹਰ ਪਿਛੋਕੜ ਵਾਲੇ ਵਾਸੀ ਇਸ ਮਹਾਂਮਾਰੀ ਦੁਆਰਾ ਪ੍ਰਭਾਵਿਤ ਹੋਏ ਹਨ. ਅਲਬਰਟਾ ਸਰਕਾਰ ਮੰਨਦੀ ਹੈ ਕਿ ਸਾਰੇ ਅਲਬਰਟਾ ਵਾਸੀਆਂ ਦੀ ਸੁਰੱਖਿਆ ਬਣਾਏ ਰੱਖਣ ਲਈ ਦਲੇਰ ਵਿਚਾਰਾਂ ਦੀ ਜ਼ਰੂਰਤ ਹੈ. ਮੈਂ ਭਾਈਚਾਰੇ ਦੇ ਲੀਡਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਹਨਾਂ ਨੇ ਅਲਬਰਟਾ ਸਰਕਾਰ ਦੀ, ਦੇਖਭਾਲ ਅਤੇ ਹਮਦਰਦੀ ਦੀ ਰਣਨੀਤੀ ਵਿਕਸਤ ਕਰਨ ਵਿਚ ਸਹਾਇਤਾ ਕੀਤੀ ਜੋ ਉਹਨਾਂ ਦੇ ਆਪਣੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਅਸੀਂ ਇਸ ਮਹਾਂਮਾਰੀ ਦੀ ਚੁਣੌਤੀ ਨੂੰ ਪਾਰ ਕਰਾਂਗੇ, ਅਤੇ ਇਹ ਅਸੀਂ ਮਿਲ ਕੇ ਕਰਾਂਗੇ। "
ਕਾਇਸੀ ਮਾਦੂ, ਨਿਆਂ ਮੰਤਰੀ ਅਤੇ ਸੋਲੀਸਿਟਰ ਜਨਰਲ

"ਅਸੀਂ ਸੱਭਿਆਚਾਰਕ ਅਤੇ ਭਾਈਚਾਰੇ ਤੇ ਅਧਾਰਤ ਸੰਸਥਾਵਾਂ ਦੇ ਨੇਤਾਵਾਂ ਨਾਲ ਸਾਂਝੇਦਾਰੀ ਨਾਲ ਕੰਮ ਕਰ ਰਹੇ ਹਾਂ ਤਾਂ ਜੋ ਲੋੜਵੰਦਾਂ ਨੂੰ ਜਾਣਕਾਰੀ ਅਤੇ ਸਹਾਇਤਾ ਮੁਹੱਈਆ ਕਰ ਸਕੀਏ। ਇਹ ਸੰਸਥਾਵਾਂ ਭਾਈਚਾਰਿਆਂ ਦੀਆਂ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ ਅਤੇ ਅਸੀਂ ਉਨ੍ਹਾਂਨੂੰ ਸਮਰਪਣ ਅਤੇ ਵਚਨਬੱਧਤਾ ਨਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਨ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।"
*ਰਾਜਨ ਸਾਹਨੀ, ਭਾਈਚਾਰੇ ਅਤੇ ਸਮਾਜਿਕ ਸੇਵਾਵਾਂ ਦੇ ਮੰਤਰੀ*

"ਭਾਈਵਾਲੀ ਨਾਲ ਕੰਮ ਕਰਨਾ ਕਮਿ ਭਾਈਚਾਰਿਆਂ ਨੂੰ ਇਕੱਠਾ ਕਰਦਾ ਹੈ ਅਤੇ ਸਾਡੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਬਣਾਉਂਦਾ ਹੈ. ਸਾਡੇ ਵਿਚੋਂ ਬਹੁਤ ਸਾਰੇ ਵਾਸੂਦੇਵ ਕੁਟੰਬਕਮ (ਦੁਨੀਆਂ ਇਕ ਵੱਡਾ ਪਰਿਵਾਰ ਹੈ) ਦੀ ਗੱਲ ਸੁਣ ਕੇ ਵੱਡਾ ਹੋਏ ਹਨ। ਪ੍ਰੀਮੀਅਰ ਕੇਨੀ ਅਤੇ ਉਸਦੀ ਸਰਕਾਰ ਦਾ ਧੰਨਵਾਦ ਹੈ ਕਿ ਇਹਨਾਂ ਸਾਂਝੇ ਯਤਨਾਂ ਸਦਕਾ ਸਾਨੂੰ ਸਾਰਿਆਂ ਨੂੰ ਇੱਕ ਵੱਡੇ ਪਰਿਵਾਰ ਦੇ ਰੂਪ ਵਿੱਚ ਇੱਕਠੇ ਕੀਤਾ। ਮੈਨੂੰ ਵਿਸ਼ਵਾਸ ਹੈ ਕਿ ਸਰੋਤਾਂ ਨੂੰ ਸਾਂਝਾ ਕਰਨ ਨਾਲ, ਉੱਤਮ ਅਭਿਆਸਾਂ ਅਤੇ ਆਪਸੀ ਸਹਾਇਤਾ ਅਤੇ ਮਹਾਰਤ ਦਾ ਲਾਭ ਲੈ ਕੇ ਅਸੀਂ ਜਾਗਰੂਕਤਾ ਪੈਦਾ ਕਰਾਂਗੇ ਅਤੇ ਇੱਕ ਭਾਈਚਾਰੇ ਦੇ ਰੂਪ ਵਿੱਚ ਮਿਲ ਕੇ ਮਜ਼ਬੂਤ ਹੋ ਕੇ ਸਾਹਮਣੇ ਆਵਾਂਗੇ। "
*ਰੇਖਾ ਗਾਧੀਆ ਬੀ ਏ ਪੀ ਐਸ ਸਵਾਮੀਨਾਰਾਇਣ ਮੰਦਰ-ਕੈਲਗਰੀ*

"ਇੱਕ ਸੰਗਠਨ ਦੇ ਤੌਰ 'ਤੇ, ਜਿਸਦਾ ਧਿਆਨ ਪ੍ਰਵਾਸੀਆਂ ਅਤੇ ਨਵੇਂ ਆਏ ਲੋਕਾਂ ਦੀ ਸਹਾਇਤਾ ਕਰਨ' ਤੇ ਕੇਂਦ੍ਰਤ ਹੈ, ਅਸੀਂ ਪਹਿਲ ਦੇ ਅਧਾਰ ਤੇ ਜਾਣਦੇ ਹਾਂ ਕਿ COVID-19 ਉਹਨਾਂ ਭਾਈਚਾਰਿਆਂ 'ਤੇ ਕਿੰਨਾ ਬੁਰਾ ਪ੍ਰਭਾਵ ਪਾ ਸਕਦਾ ਹੈ ਜੋ ਪਹਿਲਾਂ ਹੀ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਹਨ। ਇਹ ਘੋਸ਼ਣਾ ਮੌਜੂਦਾ ਅਤੇ ਨਵੇਂ ਡਾਟੇ ਦੀ ਵੱਧ ਤੋਂ ਵੱਧ ਵਰਤੋਂ ਕਰਨ ਵੱਲ ਇਕ ਪਹਿਲਾ ਕਦਮ ਹੈ. ਕੋਵੀਡ -19 ਦੇ ਪ੍ਰਸਾਰ ਦੀ ਪ੍ਰਤੀਕਿਰਿਆ ਲਈ ਤੇ ਇਸਨੂੰ ਸੀਮਤ ਕਰਨ ਵਿਚ ਇਨ੍ਹਾਂ ਭਾਈਚਾਰਿਆਂ ਦਾ ਸਮਰਥਨ ਕਰਨ ਲਈ ਸਬੂਤ ਦੁਆਰਾ ਸੂਚਿਤ ਕੀਤੇ ਅਜਿਹੇ ਲਕਸ਼ਿਤ ਪ੍ਰੋਗਰਾਮ ਬਣਾਉਣ ਲਈ ਅਸੀਂ ਸਰਕਾਰ ਦੀ ਪ੍ਰਸ਼ੰਸਾ ਕਰਦੇ ਹਾਂ। "
*ਸ਼ਰੀਫ ਹਾਜੀ, ਕਾਰਜਕਾਰੀ ਨਿਰਦੇਸ਼ਕ, ਅਫਰੀਕਾ ਸੈਂਟਰ*

ਅਲਬਰਟਾ ਦੀ ਸਰਕਾਰ, COVID-19 ਦੇ ਮਹਾਂਮਾਰੀ ਦਾ ਜਵਾਬ, ਸਹੀ ਉਪਾਵਾਂ ਨਾਲ ਜਾਨਾਂ ਅਤੇ ਜੀਵਕਾਵਾਂ ਦੀ ਰੱਖਿਆ ਕਰਦੇ ਹੋਏ, ਕਰਵ ਨੂੰ ਮੋੜ ਕੇ , ਛੋਟੇ ਕਾਰੋਬਾਰਾਂ ਨੂੰ ਕਾਇਮ ਰੱਖਦੇ ਹੋਏ ਅਤੇ ਅਲਬਰਟਾ ਦੀ ਸਿਹਤ-ਸੰਭਾਲ ਪ੍ਰਣਾਲੀ ਦੀ ਰੱਖਿਆ ਕਰ ਕੇ ਦੇ ਰਹੀ ਹੈ।

**ਪਿਛੋਕੜ**

11 ਭਾਈਚਾਰੇ, ਜੋ ਫੈਲਾਅ ਦੀਆਂ ਉੱਚੀਆਂ ਦਰਾਂ ਦਾ ਸਾਹਮਣਾ ਕਰ ਰਹੇ ਹਨ, ਉਹ ਕੁਝ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ ਜੋ ਉਨ੍ਹਾਂ ਦੇ ਭਾਈਚਾਰੇ ਵਿੱਚ ਵਧੇਰੇ ਪ੍ਰਚਲਿਤ ਹਨ, ਜਿਸ ਵਿੱਚ ਸ਼ਾਮਿਲ ਹਨ:

- ਜਨਤਕ-ਸਾਹਮਣਾ ਕਰਨ ਵਾਲੇ ਰੁਜ਼ਗਾਰ, ਵਧੇਰੇ ਜੋਖਮ ਵਾਲੀਆਂ ਨੌਕਰੀਆਂ - ਜਿਵੇਂ ਕਿ ਸਿਹਤ ਸੰਭਲ ਵਿੱਚ ਪਹਿਲੀ ਕਤਾਰ, ਦੇਖਭਾਲ ਤੇ ਰੱਖ ਰਖਾਓ, ਆਵਾਜਾਈ
- ਔਸਤ ਤੋਂ ਘੱਟ ਆਮਦਨੀ ਕਰਨ ਸੰਘਣੀ ਵਸੋਂ ਵਾਲੀ ਜੀਵਨ ਵਿਵਸਥਾ, ਅਕਸਰ ਬਹੁ-ਪਰਿਵਾਰਕ ਜਾਂ ਬਹੁ-ਪੀੜ੍ਹੀ ਵਾਲੇ ਘਰਾਂ ਦੇ ਨਾਲ.
- ਅਲਬਰਟਾ ਵਿੱਚ ਵਧੇਰੇ ਨਵੇਂ ਆਏ ਵਿਅਕਤੀ, ਜਿਨ੍ਹਾਂ ਨੂੰ ਸ਼ਾਇਦ ਸਮਰਥਨ ਉਪਲਬਧ ਨਾਂ ਹੋਵੇ
- ਅੰਗਰੇਜ਼ੀ ਭਾਸ਼ਾ ਦੀਆਂ ਰੁਕਾਵਟਾਂ ਵਾਲੇ ਵਿਅਕਤੀਆਂ ਦਾ ਉੱਚ ਅਨੁਪਾਤ